# ਇੰਡੀਆ ਫਾਊਂਡੇਸ਼ਨ ਫਾਰ ਦਿ ਆਰਟਸ (ਆਈ.ਐਫ.ਏ.)

**ਆਰਟਸ ਪ੍ਰੈਕਟਿਸ** ਪ੍ਰੋਗਰਾਮ ਤਹਿਤ

## ***ਵਰਕਸ਼ੌਪ/ਰੈਜੀਡੈਂਸੀਜ***

ਲਈ ਅਰਜ਼ੀਆਂ ਦਾ ਸੱਦਾ ਦਿੰਦਾ ਹੈ

**ਅਰਜ਼ੀਆਂ ਪੂਰਾ ਸਾਲ ਪ੍ਰਵਾਨ ਕੀਤੀਆਂ ਜਾਣਗੀਆਂ**

ਆਰਟਸ ਪ੍ਰੈਕਟਿਸ ਪ੍ਰੋਗਰਾਮ ਅਜਿਹੇ ਪ੍ਰੋਜੈਕਟਸ ਅਮਲ ਵਿਚ ਲਿਆਉਣਾ ਚਾਹੁੰਦਾ ਹੈ ਜਿਹੜੇ ਕਲਾਕਾਰਾਂ ਦੇ ਮੌਜੂਦਾ ਪ੍ਰੈਕਟਿਸਜ ਦੀ ਰੇਂਜ ਨੂੰ ਨਵੀਆਂ ਦਿਸ਼ਾਵਾਂ ਦੇਣ। ਇਹ ਕਲਾ-ਕਿਰਤਾਂ ਬਣਾਉਣ ਦੀਆਂ ਪਿਰਤਾਂ ਨੂੰ ਸਵਾਲ ਕਰਨ ਵਾਲੇ ਹੋ ਸਕਦੇ ਹਨ; ਜਿਨ੍ਹਾਂ ਨਾਲ਼ ਕੌਂਟੈਂਟ(ਤੱਤ), ਫੌਰਮ(ਸ਼ਕਲ), ਅਤੇ ਮਾਧਿਅਮ ਦੀਆਂ ਹੱਦਾਂ ਵਧਾਈਆਂ ਜਾਣ; ਸਪੇਸ, ਦਰਸ਼ਕਾਂ ਅਤੇ ਕਲਾਕਾਰ ਬਿਰਾਦਰੀਆਂ ਵਿਚ ਸਾਂਝ ਬਣਾਉਣ ਦੇ ਨਵੇਂ ਤਰੀਕੇ ਖੋਜਦਿਆਂ ਤਜ਼ਰਬੇਕਾਰ ਸਪਿਰਿਟ ਨੂੰ ਅੱਗੇ ਲਿਆਂਦਾ ਜਾਵੇ।

**ਵਰਕਸ਼ੌਪ/ਰੈਜੀਡੈਂਸੀਜ:**

ਇਤਿਹਾਸ ਗਵਾਹ ਹੈ, ਕਲਾ ਜਗਤ ਦੇ ਅਹਿਮ **ਬਦਲਾਅ**, ਉਹ ਚਾਹੇ ਵਿਚਾਰਾਂ, ਤਰੀਕਿਆਂ ਅਤੇ ਪਦਾਰਥ ਪੱਧਰ ਤੇ ਹੋਣ, ਉਦੋਂ ਆਏ ਜਦੋਂ ਵੱਖ ਵੱਖ ਪੀੜ੍ਹੀਆਂ ਅਤੇ ਇਲਾਕਿਆਂ ਦੇ ਕਲਾਕਾਰ ਆਪਣੇ ਤਜ਼ਰਬੇ ਭਰਪੂਰ ਸਿਰ ਜੋੜ ਕੇ ਬੈਠੇ ਅਤੇ ਕਲਾਤਮਕ ਤਕਨੀਕਾਂ ਅਤੇ ਵਿਚਾਰਾਂ ਬਾਰੇ ਚਰਚਾ ਕੀਤੀ। ਅੱਜ ਦੇ ਦੌਰ ਵਿਚ, ਵਰਕਸ਼ਾਪਾਂ ਅਤੇ ਰੈਜੀਡੈਂਸੀਆਂ ਜਿਥੇ ਕਲਾ ਅਭਿਆਸ ਬਾਰੇ ਵਿਚਾਰ ਚਰਚਾ ਹੁੰਦੀ ਹੈ, ਕਲਾਕਾਰਾਂ ਦੇ ਵਿਚਰਣ ਦੇ ਅਜਿਹੇ ਅਹਿਮ ਸਪੇਸ ਬਣ ਸਕਦੇ ਹਨ ਜਿਥੇ ਕਲਾਤਮਕ ਊਰਜਾਵਾਂ ਦਾ ਸੰਗਮ ਹੁੰਦਾ ਹੈ ਅਤੇ ਖੋਜਿਆਂ ਜਾ ਸਕਦਾ ਹੈ ਕਿ ਕਲਾ ਅਭਿਆਸ ਕਿਵੇਂ **ਵਿਕਾਸ ਕਰ** ਰਹੇ ਹਨ ਅਤੇ ਕਿਸ ਦਿਸ਼ਾ ਵੱਲ ਵਧ ਰਹੇ ਹਨ। ਅਜਿਹੀਆਂ ਬੈਠਕਾਂ ਅਣਸੁਣੀਆਂ ਅਵਾਜਾਂ ਨੂੰ ਸੁਣਨ ਅਤੇ ਉਤਸ਼ਾਹਿਤ ਕਰਨ ਦੀਆਂ ਥਾਵਾਂ ਵੀ ਬਣ ਸਕਦੀਆਂ ਹਨ।

ਆਰਟਸ ਪ੍ਰੈਕਟਿਸ ਪ੍ਰੋਗਰਾਮ ਤਹਿਤ ਅਸੀਂ **ਵਰਕਸ਼ਾਪਾਂ ਅਤੇ ਰੈਜੀਡੈਂਸੀਆਂ** ਲਈ ਪ੍ਰਸਤਾਵ ਅਰਜ਼ੀਆਂ ਦਾ ਸੱਦਾ ਦਿੰਦੇ ਹਾਂ। ਅਜਿਹੇ ਉੱਦਮ ਜਿਹੜੇ ਸੰਵਾਦ, ਵਿਚਾਰ, ਬਹਿਸ, ਸਿੱਖਿਆ ਅਤੇ ਸੋਧ ਨੂੰ ਵਧਾਉਣ ਵਾਲੇ ਵਾਤਾਵਰਨ ਅਤੇ ਹਾਲਤਾਂ ਬਨਾਉਣ। ਇਸ ਵਿਚ ਰੈਜੀਡੈਂਸੀਜ(ਰਿਹਾਇਸ਼ਾਂ) ਜਿਥੇ ਕਲਾਕਾਰਾਂ ਨੂੰ ਸਾਂਝ ਲਈ ਉਤਸ਼ਾਹਿਤ ਕਰਕੇ ਤਜਰਬੇ ਕਰਨ ਦੇ ਮੌਕੇ ਦੇ ਕੇ ਸਿੱਖਿਆ ਮਿਲ ਸਕੇ; ਵਰਕਸ਼ਾਪਾਂ(ਕਾਰਜਸ਼ਾਲਾਵਾਂ), ਸੈਮੀਨਾਰ ਜਾਂ ਹੋਰ ਤਰ੍ਹਾਂ ਦੇ ਇਕੱਠ ਜਿਨ੍ਹਾਂ ਨਾਲ਼ ਗਿਆਨ ਵਧੇ, ਵਿਵੇਕ ਉਗਮੇ ਅਤੇ ਕਲਾ ਅਭਿਆਸ ਵਿਚ ਵਾਧਾ ਹੋਵੇ।

**ਪ੍ਰੋਜੈਕਟ ਦੀ ਮਿਆਦ:** 6 ਮਹੀਨੇ ਤੱਕ

**ਬਜਟ:** ਵੱਧ ਤੋਂ ਵੱਧ **3,00,000 ਰੁਪਏ** (ਤੁਸੀਂ ਆਪਣੇ ਲਈ ਭੱਤਾ ਮੰਗ ਸਕਦੇ ਹੋ ਪਰ ਇਹ ਪੂਰੇ ਬਜਟ ਦੇ 30 ਪ੍ਰਤੀਸ਼ਤ ਤੋਂ ਵੱਧ ਨਹੀਂ ਹੋਣਾ ਚਾਹੀਦਾ)

**ਆਖਰੀ ਤਰੀਕ:** ਅਰਜੀਆਂ ਸਾਲ ਵਿਚ ਕਿਸੇ ਵੀ ਵੇਲੇ ਭੇਜੀਆਂ ਜਾ ਸਕਦੀਆਂ ਹਨ

**ਪ੍ਰਸਤਾਵ ਕੌਣ ਭੇਜ ਸਕਦੇ ਹਨ?**

ਪ੍ਰੋਗਰਾਮ ਕਿਸੇ ਵੀ ਵਿਧਾ ਦੇ ਵਿਚ ਜਾਂ ਵੱਖ-ਵੱਖ ਵਿਧਾਵਾਂ ਵਿਚ ਕੰਮ ਕਰਨ ਵਾਲਿਆਂ ਤੋਂ ਪ੍ਰਸਤਾਵਾਂ ਦੀ ਮੰਗ ਕਰਦਾ ਹੈ। ਇਹਨਾਂ ਵਿਚ

- ਪ੍ਰਫੌਰਮਿੰਗ ਕਲਾਕਾਰ: ਸੰਗੀਤ, ਧ੍ਵਨੀ, ਲਿਖਤ, ਨਾਚ, ਮੂਵਮੈਂਟ, ਰੰਗਮੰਚ, ਪੁਤਲੀਤਮਾਸ਼ਾ, ਕਥਾਕਾਰੀ, ਜਾਦੂ, ਸਰਕਸ ਜਾਂ ਹੋਰਨਾਂ ਪ੍ਰਫੌਰਮੈਂਸ ਦੀਆਂ ਕਲਾਵਾਂ ਵਿਚ ਕੰਮ ਕਰਨ ਵਾਲੇ
- ਵਿਜੁਅਲ(ਦ੍ਰਿਸ਼) ਕਲਾਕਾਰ: ਫ਼ਿਲਮ(ਦਸਤਾਵੇਜ਼ੀ ਜਾਂ ਕਾਲਪਨਿਕ), ਐਨੀਮੇਸ਼ਨ, ਫ਼ੋਟੋਗਰਾਫੀ, ਇੰਸਟਾਲੇਸ਼ਨ, ਨਵਾਂ ਮੀਡੀਆ, ਆਰਟੀਫੀਸ਼ੀਅਲ ਇੰਟੈਲੀਜੈਂਸ, ਰੋਬੋਟਿਕਸ, ਇੰਟਰਐਕਟਿਵ ਆਰਟਸ, ਗੇਮਿੰਗ, ਚਿਤਰਕਲਾ, ਬੁੱਤਤਰਾਸ਼ੀ, ਪਰਿੰਟਮੇਕਿੰਗ, ਕੌਮਿਕ ਕਿਤਾਬਾਂ, ਗਰਾਫ਼ਿਕ ਬਿਰਤਾਂਤਾਂ, ਕਲਾ ਕਿਤਾਬਾਂ ਜਾਂ ਹੋਰ ਦ੍ਰਿਸ਼ ਕਲਾਵਾਂ ਵਿਚ ਕੰਮ ਕਰਨ ਵਾਲੇ
- ਕਿਊਰੇਟਰ, ਖਾਸ ਤੌਰ 'ਤੇ ਉਹ ਜੋ ਗੈਲਰੀ ਦੇ ਬਾਹਰ ਕੰਮ ਕਰਦੇ ਹਨ
- ਕਵੀ, ਨਾਵਲਕਾਰ, ਨਾਟਕਕਾਰ ਜੋ ਸਾਹਿਤਕਲਾ ਵਿਚ ਕੰਮ ਕਰਦੇ ਹਨ
- ਕਈ ਵਿਧਾਵਾਂ ਵਿਚ ਕੰਮ ਕਰਨ ਵਾਲੇ ਕਲਾਕਾਰ

**ਯੋਗਤਾ:**

ਜੇ ਤੁਸੀਂ ਭਾਰਤੀ ਨਾਗਰਿਕ ਹੋ ਤਾਂ ਪ੍ਰੋਜੈਕਟ ਪ੍ਰਸਤਾਵ ਭੇਜ ਸਕਦੇ ਹੋ। ਤੁਹਾਡੇ ਸਹਿਯੋਗੀ ਵੀ ਭਾਰਤੀ ਹੋਣੇ ਚਾਹੀਦੇ ਹਨ। ਜਿਆਦਾ ਜਾਣਕਾਰੀ ਲਈ, ਇੱਥੇ ਕਲਿੱਕ ਕਰੋ

**ਪ੍ਰਸਤਾਵ ਭੇਜਣ ਦਾ ਤਰੀਕਾ:**

ਸਿਰਨਾਵੇਂ, ਫੋਨ ਨੰਬਰ ਅਤੇ ਈਮੇਲ ਆਈ ਡੀ ਸਮੇਤ ਆਪਣਾ ਸੀਵੀ ਅਤੇ ਇਕ ਪ੍ਰਸਤਾਵ ਇਸ ਜਾਣਕਾਰੀ ਸਮੇਤ ਭੇਜੇ ਜਾਣ:

- ਬਤੌਰ ਕਲਾਕਾਰ ਤੁਹਾਡੀ ਹੁਣ ਦੇ ਕਲਾ ਸਿਰਜਣਾ ਜਾਂ ਸੰਭਾਲ ਦੇ ਵਿਸ਼ੇ ਅਤੇ ਦਿਲਚਸਪੀ
- ਪ੍ਰਸਤਾਵਿਤ ਵਰਕਸ਼ਾਪ ਜਾਂ ਰੈਜੀਡੈਂਸੀ ਦੀ ਪ੍ਰੇਰਣਾ
- ਪ੍ਰਸਤਾਵਿਤ ਵਰਕਸ਼ਾਪ ਜਾਂ ਰੈਜੀਡੈਂਸੀ ਦੇ ਥੀਮ ਦੀ ਸੇਧ
- ਵਰਕਸ਼ਾਪ ਜਾਂ ਰੈਜੀਡੈਂਸੀ ਦੇ ਥੀਮ ਦੀ ਵਿਚਾਰਕ ਬਣਤਰ ਦਾ ਵੇਰਵਾ
- ਆਯੋਜਕਾ, ਸੰਯੋਜਕਾ, ਭਾਗੀਦਾਰਾਂ ਦਾ ਤਜਰਬਾ
- ਪ੍ਰਸਤਾਵਿਤ ਵਰਕਸ਼ਾਪ ਜਾਂ ਰੈਜੀਡੈਂਸੀ ਦੇ ਤਰੀਕੇ
- ਟਾਈਮਲਾਈਨ ਅਤੇ ਬਜਟ ਦਾ ਵੇਰਵਾ
- ਪਹਿਲਾਂ ਕੀਤੇ ਕੰਮਾਂ ਦੀਆਂ ਉਦਾਹਰਣਾਂ

ਤੁਸੀਂ ਆਪਣਾ ਪ੍ਰਸਤਾਵ ਅੰਗਰੇਜੀ ਸਮੇਤ ਕਿਸੇ ਵੀ ਭਾਰਤੀ ਭਾਸ਼ਾ ਵਿਚ ਲਿਖ ਸਕਦੇ ਹੋ। ਆਈ.ਐਫ.ਏ. ਅੰਗਰੇਜ਼ੀ ਤੋਂ ਇਲਾਵਾ ਬਾਕੀ ਭਾਰਤੀ ਬੋਲੀਆਂ ਵਿਚਲੇ ਪ੍ਰਜੈਕਟਾਂ ਦੀ ਹੌਸਲਾ ਅਫ਼ਜ਼ਾਈ ਕਰਦਾ ਹੈ। ਤੁਸੀਂ ਸਾਡੇ ਤੋਂ ਸੁਝਾਅ ਲੈਣ ਲਈ ਆਪਣੇ ਸਵਾਲ ਜਾਂ ਵਿਚਾਰ ਲਿਖਤੀ, ਆਡੀਓ ਜਾਂ ਵੀਡੀਓ ਰੂਪ ਵਿਚ ਆਈਐਫਏ ਸਟਾਫ਼ ਨੂੰ ਭੇਜ ਸਕਦੇ ਹੋ।

ਆਪਣੇ ਮੁਕੰਮਲ ਪ੍ਰਸਤਾਵ, ਜੌਨ੍ਹ ਜ਼ੇਵੀਅਰਜ, ਪ੍ਰੋਗਰਾਮ ਅਫਸਰ, ਆਰਟਸ ਪ੍ਰੈਕਟਿਸ ਨੂੰ john@indiaifa.org ਤੇ ਭੇਜੇ ਜਾਣ ਈਮੇਲ ਦਾ ਵਿਸ਼ਾ ਹੋਵੇ: **ਵਰਕਸ਼ੌਪ/ਰੈਜੀਡੈਂਸੀਜ (ਆਰਟਸ ਪ੍ਰੈਕਟਿਸ) ਲਈ ਪ੍ਰੌਜੈਕਟ ਪ੍ਰਸਤਾਵ।** ਆਪਣੇ ਪ੍ਰਸਤਾਵ ਬਾਰੇ ਕਿਸੇ ਵੀ ਸਵਾਲ ਜਾਂ ਪੁੱਛਗਿਛ ਲਈ ਵੀ ਇਸੇ ਈਮੇਲ ਪਤੇ ਤੇ ਲਿਖੋ।

**ਸਾਰੇ ਦੇ ਸਾਰੇ ਚੁਣੇ ਹੋਏ ਪ੍ਰੌਜੈਕਟ ਆਈ.ਐਫ.ਏ. ਵੱਲੋਂ ਲਾਗੂ ਕੀਤੇ ਜਾਣਗੇ।**

**ਯਾਦ ਰਹੇ ਕਿ ਆਈ.ਐਫ.ਏ. ਇਕ ਸੁਰੱਖਿਅਤ ਮਹੌਲ਼ ਸਿਰਜਣ ਲਈ ਵਚਨਬੱਧ ਹੈ ਜਿਸ ਵਿਚ ਬਾਲ ਬੱਚਿਆਂ ਸਮੇਤ ਹਰੇਕ ਦੀ ਸੁਰੱਖਿਆ, ਦੇਖਭਾਲ਼ ਅਤੇ ਇੱਜ਼ਤ ਹੋਵੇ। ਬਿਨੈਕਾਰ ਇਸ ਵਚਨਬੱਧਤਾ ਦਾ ਧਾਰਨੀ ਹੋਵੇ ਅਤੇ ਹਰ ਵੇਲ਼ੇ ਇਸ ਦੀ ਪੈਰਵਾਈ ਕਰੇ।**